## ਪੜਤਾਲ ਸੂਚੀ

## ਕਿਸੇ ਪ੍ਰਚੂਨ ਵਿਕਰੇਤਾ ਕੋਲ ਜਾਣ ਤੋਂ ਪਹਿਲਾਂ ਜਿੰਨਾਂ ਵੱਧ ਤੋਂ ਵੱਧ ਤੁਸੀਂ ਕਰ ਸਕਦੇ ਹੋ, ਕਰੋ; ਇੰਟਰਨੈੱਟ, ਟੈਲੀਫੋਨ, ਰਸਾਲਿਆਂ ਆਦਿ ਦੀ ਵਰਤੋਂ ਕਰਕੇ।

- ਆਪਣੇ ਬੱਚੇ ਦੀ ਲੰਬਾਈ ਅਤੇ ਭਾਰ ਦੀ ਜਾਂਚ ਕਰੋ
- ਇਹ ਪਤਾ ਕਰੋ ਕਿ ਕਿਹੜੀਆਂ ਸੀਟਾਂ ਤੁਹਾਡੀ ਕਾਰ ਵਾਸਤੇ ਢੁਕਵੀਆਂ ਹਨ/ਨਹੀਂ ਹਨ
- ਕੇਵਲ ਓਹੀ ਸੀਟ ਖਰੀਦੋ ਜਿਸਤੇ ECE R44.03 ਜਾਂ R44.04 ਨਿਸ਼ਾਨ ਲੱਗਾ ਹੋਇਆ ਹੈ
- ਇਹ ਯਕੀਨੀ ਬਣਾਓ ਕਿ ਚੁਣੇ ਗਏ ਪ੍ਰਚੂਨ ਵਿਕਰੇਤਾ ਕੋਲ ਸਿਖਲਾਈ ਪ੍ਰਾਪਤ ਅਮਲੇ ਦੇ ਮੈਂਬਰ ਹੋਣ
- ਇਹ ਯਕੀਨੀ ਬਣਾਓ ਕਿ ਪ੍ਰਚੂਨ ਵਿਕਰੇਤਾ ਸੀਟ ਨੂੰ ਫਿੱਟ ਕਰੇਗਾ ਅਤੇ ਇਸਦੀ ਜਾਂਚ ਕਰੇਗਾ
- ਇਹ ਯਕੀਨੀ ਬਣਾਓ ਕਿ ਸੀਟ ਤੁਹਾਡੇ ਬੱਚੇ ਵਾਸਤੇ ਅਤੇ ਤੁਹਾਡੀ ਕਾਰ ਵਾਸਤੇ ਢੁਕਵੀਂ ਹੋਵੇ
- ਕਿਸੀ ਅਜਿਹੀ ਸੀਟ ਦੀ ਚੋਣ ਕਰੋ ਜਿਸਦੀਆਂ ਫਿੱਟ ਕਰਨ ਵਾਸਤੇ ਸਰਲ ਅਤੇ ਸਪੱਸ਼ਟ ਹਿਦਾਇਤਾਂ ਹੋਣ
- ਪ੍ਰਚੂਨ ਵਿਕਰੇਤਾ ਨੂੰ ਕਹੋ ਕਿ ਉਹ ਸੀਟ ਫਿੱਟ ਕਰਨ ਦੀ ਪ੍ਰਕਿਰਿਆ ਵਿੱਚ ਤੁਹਾਡਾ ਮਾਰਗ ਦਰਸ਼ਨ ਕਰੇ
- ਉਹਨਾਂ ਨੂੰ ਕਹੋ ਕਿ ਜਦੋਂ ਤੁਸੀਂ ਸੀਟ ਨੂੰ ਫਿੱਟ ਕਰਦੇ ਹੋ ਤਾਂ ਉਹ ਦੇਖਦੇ ਹੋਣ ਅਤੇ ਫੇਰ ਇਹ ਪੜਤਾਲ ਕਰਨ ਕਿ ਇਹ ਚੰਗੀ ਤਰ੍ਹਾਂ ਫਿੱਟ ਕੀਤੀ ਗਈ ਹੋਵੇ
- ਹਮੇਸ਼ਾ ਨਿਰਮਾਤਾ ਦੀਆਂ ਹਿਦਾਇਤਾਂ ਦੀ ਸਮੁੱਚੇ ਰੂਪ ਵਿੱਚ ਪਾਲਣਾ ਕਰੋ

# ਸੰਖੇਪ ਰੂਪ ਵਿੱਚ ਕਾਨੂੰਨ

## ਇੱਕ ਡਰਾਈਵਰ ਦੇ ਤੌਰ ਤੇ ਤੁਹਾਡੀ ਜਿੰਮੇਵਾਰੀ ਬਾਰੇ ਗਾਈਡ

| ਇਸ ਵਿੱਚ ਕੌਣ ਸੰਮਿਲਤ ਹੈ? | ਮੂਹਰਲੀ ਸੀਟ ‘ਤੇ ਬੈਠਣਾ | ਪਿਛਲੀ ਸੀਟ ‘ਤੇ ਬੈਠਣਾ | ਕਿਸਦੀ ਜਿੰਮੇਵਾਰੀ ਹੈ? |
|---|---|---|---|
| ਡਰਾਈਵਰ | ਜੇ ਸੀਟ ਬੈਲਟ ਫਿੱਟ ਹੈ ਤਾਂ ਇਹ ਲਾਜਮੀ ਤੌਰ ‘ਤੇ ਪਹਿਨੀ ਜਾਣੀ ਚਾਹੀਦੀ ਹੈ | | ਡਰਾਈਵਰ |
| 3 ਸਾਲਾਂ ਤੋਂ ਘੱਟ ਉਮਰ ਦਾ ਬੱਚਾ | ਸਹੀ ਬਾਲ ਰੋਕ ਲਾਜਮੀ ਤੌਰ 'ਤੇ ਵਰਤੀ ਜਾਣੀ ਚਾਹੀਦੀ ਹੈ | ਸਹੀ ਬਾਲ ਰੋਕ ਲਾਜਮੀ ਤੌਰ 'ਤੇ ਵਰਤੀ ਜਾਣੀ ਚਾਹੀਦੀ ਹੈ ਜੇ ਟੈਕਸੀ ਵਿੱਚ ਕੋਈ ਬਾਲ ਰੋਕ ਨਹੀਂ ਹੈ ਤਾਂ ਬੱਚਾ ਬਿਨਾਂ ਰੋਕ ਦੇ ਯਾਤਰਾ ਕਰ ਸਕਦਾ ਹੈ | ਡਰਾਈਵਰ |
| ਤੀਜੇ ਜਨਮ ਦਿਨ ਤੋਂ ਲੈਕੇ 135 ਸੈ.ਮੀ. ਲੰਬਾਈ ਵਾਲੇ ਬੱਚੇ (ਜਾਂ 12ਵੇਂ ਜਨਮ ਤੋਂ , ਜੋ ਵੀ ਪਹਿਲਾਂ ਹੋ ਜਾਵੇ) | ਸਹੀ ਬਾਲ ਰੋਕ ਲਾਜਮੀ ਤੌਰ 'ਤੇ ਵਰਤੀ ਜਾਣੀ ਚਾਹੀਦੀ ਹੈ | ਜਿੱਥੇ ਕਿਤੇ ਸੀਟ ਬੈਲਟ ਫਿੱਟ ਕੀਤੀ ਹੈ ਓਥੇ ਸਹੀ ਬਾਲ ਰੋਕ ਲਾਜਮੀ ਤੌਰ 'ਤੇ ਵਰਤੀ ਜਾਣੀ ਚਾਹੀਦੀ ਹੈ ਜੇ ਸਹੀ ਬਾਲ ਰੋਕ ਉਪਲਬਧ ਨਹੀਂ ਹੈ ਤਾਂ ਲਾਜਮੀ ਤੌਰ ‘ਤੇ ਬਾਲਗ ਸੀਟ ਬੈਲਟ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ<br>- ਕਿਸੇ ਟੈਕਸੀ ਵਿੱਚ<br>- ਕਿਸੇ ਅਣ-ਕਿਆਸੀ ਲੋੜ ਵਿੱਚ ਥੋੜ੍ਹੀ ਦੂਰੀ ਵਾਸਤੇ<br>- ਜੇ ਦੋ ਪਹਿਲਾਂ ਤੋਂ ਲੱਗੀਆਂ ਬਾਲ ਰੋਕਾਂ ਕਿਸੇ ਤੀਜੀ ਬਾਲ ਰੋਕ ਨੂੰ ਫਿੱਟ ਹੋਣ ਤੋਂ ਰੋਕਦੀਆਂ ਹਨ | ਡਰਾਈਵਰ |
| 12 ਜਾਂ 13 ਸਾਲ ਦੀ ਉਮਰ ਦੇ ਬੱਚੇ ਜਾਂ 135 ਸੈ.ਮੀ. ਤੋਂ ਵੱਧ ਲੰਬਾਈ ਦੇ ਬੱਚੇ | ਜੇ ਸੀਟ ਬੈਲਟ ਫਿੱਟ ਹੈ ਤਾਂ ਇਹ ਲਾਜਮੀ ਤੌਰ ‘ਤੇ ਪਹਿਨੀ ਜਾਣੀ ਚਾਹੀਦੀ ਹੈ | ਜੇ ਸੀਟ ਬੈਲਟ ਫਿੱਟ ਹੈ ਤਾਂ ਇਹ ਲਾਜਮੀ ਤੌਰ ‘ਤੇ ਪਹਿਨੀ ਜਾਣੀ ਚਾਹੀਦੀ ਹੈ | ਡਰਾਈਵਰ |
| ਬਾਲਗ ਯਾਤਰੀ | ਜੇ ਸੀਟ ਬੈਲਟ ਫਿੱਟ ਹੈ ਤਾਂ ਇਹ ਲਾਜਮੀ ਤੌਰ ‘ਤੇ ਪਹਿਨੀ ਜਾਣੀ ਚਾਹੀਦੀ ਹੈ | ਜੇ ਸੀਟ ਬੈਲਟ ਫਿੱਟ ਹੈ ਤਾਂ ਇਹ ਲਾਜਮੀ ਤੌਰ ‘ਤੇ ਪਹਿਨੀ ਜਾਣੀ ਚਾਹੀਦੀ ਹੈ | ਯਾਤਰੀ |

## ਜੁਰਮਾਨੇ

ਜੇ ਤੁਸੀਂ ਕਾਨੂੰਨ ਦੀ ਪਾਲਣਾ ਨਹੀਂ ਕਰਦੇ ਤਾਂ

- ਤੁਸੀਂ, ਤੁਹਾਡੇ ’ਤੇ ਮੁਕੱਦਮਾ ਚਲਾਏ ਜਾਣ ਦੇ ਯੋਗ ਹੋਵੋਗੇ ਜੇਕਰ ਕੋਈ ਵੀ 14 ਸਾਲ ਤੋਂ ਘੱਟ ਉਮਰ ਦਾ ਬੱਚਾ ਤੁਹਾਡੀ ਕਾਰ ਵਿੱਚ ਹੈ ਅਤੇ ਉਹ ਸਹੀ ਬਾਲ ਰੋਕ  ਜਾਂ ਸੀਟ ਬੈਲਟ ਨਹੀਂ ਪਹਿਨ ਰਿਹਾ। ਜੇ ਬੱਚੇ 14 ਸਾਲ ਤੋਂ ਵੱਧ ਉਮਰ ਦੇ ਹਨ ਤਾਂ ਉਹ ਖੁਦ ਜਿੰਮੇਵਾਰ ਹੋਣਗੇ
- ਜੇ ਕੋਈ ਬੱਚਾ ਬਿਨਾਂ ਰੋਕ ਦੇ ਪਾਇਆ ਜਾਂਦਾ ਹੈ ਤਾਂ ਤੁਹਾਨੂੰ ਇੱਕ ਨਿਯਤ ਰਕਮ ਦਾ ਦੰਡ ਜਾਂ ਸੰਭਾਵਿਤ ਤੌਰ ’ਤੇ ਜੁਰਮਾਨਾ ਅੰਕ ਲਾਏ ਜਾਣਗੇ
- ਤੁਹਾਡੇ ਮੁਆਵਜੇ ਨੂੰ ਪ੍ਰਤੀਬੰਧਿਤ ਕਰ ਦਿੱਤਾ ਜਾਵੇਗਾ। ਜੇਕਰ ਕਾਰ ਵਿਚਲੇ ਕਿਸੇ ਵਿਅਕਤੀ ਨੂੰ ਢੁਕਵੀਆਂ ਰੋਕਾਂ ਨਹੀਂ ਸੀ ਲੱਗੀਆਂ ਤਾਂ ਕਿਸੇ ਵੀ ਹਾਦਸੇ ਦੇ ਬਾਅਦ ਦਿੱਤੇ ਗਏ ਪੈਸੇ ਨੂੰ ਘੱਟ ਕੀਤਾ ਜਾ ਸਕਦਾ ਹੈ।

ਸੀਟ ਬੈਲਟ ਦੇ ਵਿਧਾਨ ਤੋਂ ਬਿਨਾਂ ਕਾਨੂੰਨ ਵਿੱਚ ਉਹਨਾਂ ਲੋਕਾਂ ਵਾਸਤੇ ਵੀ ਇੰਤਜਾਮ ਹੈ ਜਿੰਨ੍ਹਾਂ ਨੂੰ ਯਾਤਰੀਆਂ ਨੂੰ ਖਤਰਨਾਕ ਤਰੀਕੇ ਨਾਲ ਲਿਜਾ ਰਹੇ ਸਮਝਿਆ ਜਾਂਦਾ ਹੈ। ਇਹ ਬਹੁਤ ਹੀ ਗੰਭੀਰ ਜੁਰਮ ਹੈ ਅਤੇ ਇਸਦਾ £2,500  ਅਤੇ ਤਿੰਨ ਅੰਕ ਜੁਰਮਾਨਾ ਲੱਗਦੇ ਹਨ।

ਸਭ ਤੋਂ ਵਧੀਆ ਗੱਲ ਇਹ ਯਕੀਨੀ ਬਣਾਉਣਾ ਹੈ ਕਿ ਤੁਹਾਨੂੰ ਦੋਸ਼ੀ ਨਾ ਪਾਇਆ ਜਾਵੇ।